ਰੋਜ਼ਾਨਾ ਸਪੋਕਸਮੈਨ ■ 3
ਸ਼ੁੱਕਰਵਾਰ, 1 ਸਤੰਬਰ 2006

# ਮੋਬੇਰਾ ਦਾ ਬੀ. ਐਸ. ਏ. ਨੈਸਕਾਮ ਵਲੋਂ ਸਨਮਾਨ




ਮੋਬੇਰਾ ਕੰਪਨੀ ਦੇ ਅਧਿਕਾਰੀ ਸੰਜੇ ਤਿਆਗੀ ਪੱਤਰਕਾਰ ਸੰਮੇਲਨ ਦੌਰਾਨ ਸੰਬੋਧਨ ਕਰਦੇ ਹੋਏ।
ਸਪੋਕਸਮੈਨ ਫ਼ੋਟੋ : ਟੀ.ਐਸ.ਬੇਦੀ

**ਚੰਡੀਗੜ੍ਹ**, 31 **ਅਗੱਸਤ (ਤੇਜਿੰਦਰ ਸਿੰਘ ਸਹਿਗਲ)** : ਚੰਡੀਗੜ੍ਹ ਦੀ ਮੋਬੇਰਾ ਸਿਸਟਮਜ਼ ਉਤਰ ਭਾਰਤ ਦੀ ਪਹਿਲੀ ਕੰਪਨੀ ਬਣ ਗਈ ਹੈ, ਜਿਸ ਨੂੰ ਨੈਸਕਾਮ ਅਤੇ ਬਿਜ਼ਨੇਸ ਸਾਫ਼ਟਵੇਅਰ ਏਲਾਇੰਸ ਵਲੋਂ ਸਨਮਾਨਤ ਕੀਤਾ ਗਿਆ। ਮੋਬੇਰਾ ਕੰਪਨੀ ਦੇ ਨਿਰਦੇਸ਼ਕ ਪੁਨੀਤ ਵਤਸਿਅਨ ਅਤੇ ਅਨੁਪਮਾ ਆਰਿਆ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਹੁਣ ਤਕ ਭਾਰਤ ਵਿਚ ਇਹੋ ਜਿਹਾ ਸਨਮਾਨ ਸਿਰਫ਼ 15 ਕੰਪਨੀਆਂ ਨੂੰ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਨਤਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਹੀ ਪੂਰੇ ਵਿਸ਼ਵ ਵਿਚ ਭਾਰਤ ਨੂੰ ਮਾਨਤਾ ਮਿਲੇਗੀ। ਇਸ ਮੌਕੇ ਉਨ੍ਹਾਂ ਨਾਲ ਚੰਡੀਗੜ੍ਹ ਐਸ.ਪੀ.ਟੀ.ਆਈ. ਦੇ ਸੰਜੇ ਤਿਆਗੀ ਵੀ ਮੌਜੂਦ ਸਨ। ਪੁਨੀਤ ਵਤਸਿਅਨ ਨੇ ਕਿਹਾ ਕਿ ਭਾਰਤੀ ਆਈ. ਟੀ. ਕੰਪਨੀਆਂ ਵੱਡੇ ਅਵਿਸ਼ਕਾਰਾਂ ਅਤੇ ਖੋਜ 'ਤੇ ਉਤਪਾਦਨ ਦੇ ਵਿਕਾਸ ਲਈ ਅੱਗੇ ਹਨ ਅਤੇ ਇਸ ਲਈ ਇੰਟਲੇਕਚੂਅਲ ਪ੍ਰਾਪਰਟੀ ਰਾਈਟ (ਆਈ. ਪੀ. ਆਰ) ਦਾ ਬਹੁਤ ਮਹੱਤਵ ਹੈ। ਉਨ੍ਹਾਂ ਕਿਹਾ ਕਿ ਮੋਬੇਰਾ ਦਾ ਦਫ਼ਤਰ ਚੰਡੀਗੜ੍ਹ ਦੇ ਨਾਲ-ਨਾਲ ਫ਼ਰਾਂਸ ਤੇ ਅਮਰੀਕਾ ਵਿਚ ਵੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਇਹ ਹਾਲ ਹੈ ਕਿ ਆਈ. ਟੀ. ਕੰਪਨੀਆਂ ਨੂੰ ਬੈਂਕਾਂ ਵਲੋਂ ਕਰਜ਼ਾ ਵੀ ਨਹੀਂ ਮਿਲਦਾ। ਅਨੁਪਮਾ ਆਰਿਆ ਨੇ ਕਿਹਾ ਕਿ ਸਾਫ਼ਟਵੇਅਰ ਉਦਯੋਗ ਦੁਨੀਆਂ ਵਿਚ ਤੇਜੀ ਨਾਲ ਵਿਕਾਸ ਕਰ ਰਿਹਾ ਹੈ ਅਤੇ ਇਸ ਨੇ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦਿਤਾ ਹੈ। ਸੰਜੇ ਤਿਆਗੀ ਨੇ ਦਸਿਆ ਕਿ ਚੰਡੀਗੜ੍ਹ ਵਿਚ ਬਣੇ ਆਈ. ਟੀ. ਐਸ. ਈ. ਜ਼ੈੱਡ ਵਿਚ ਪਹਿਲੀ ਕੰਪਨੀ ਇਨਫ਼ੋਸਿਸ 4 ਸਤੰਬਰ ਤੋਂ ਕੰਮ ਕਰਨਾ ਸ਼ੁਰੂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਕਰਮਚਾਰੀਆਂ ਦਾ ਪਹਿਲਾ ਗਰੁੱਪ ਕੰਪਨੀ ਨੂੰ ਜੁਆਇਨ ਕਰ ਚੁਕਾ ਹੈ।